ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)
ਰਜਿਸਟ੍ਰੇਸ਼ਨ ਬਰਾਂਚ

ਨੰ: 1570/Reg./ਰਜਿ.
ਮਿਤੀ 16/08/22

ਵੱਲ:-
1. ਸਮੂਹ ਮੁਖੀ ਸਾਹਿਬਾਨ, ਯੂਨੀਵਰਸਿਟੀ ਅਧਿਆਪਨ ਵਿਭਾਗ,ਨੇਬਰਹੁੱਡ ਕੈਂਪਸ
2. ਸਮੂਹ ਪ੍ਰਿੰਸੀਪਲ, ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਾਲਜਾਂ।;
3. ਮੁਖੀ, ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ਾ:- ਸੈਸ਼ਨ 2022-23 ਦੇ ਦਾਖਲਿਆਂ ਦੀਆਂ "ਵਿਦਿਆਰਥੀ ਰਜਿਸਟ੍ਰੇਸ਼ਨ ਰਿਟਰਨ" ਫ਼ੀਸਾਂ ਅਤੇ ਪਾਤਰਤਾ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਸੈਸ਼ਨ 2022-23 ਸਮੈਸਟਰ ਪ੍ਰਣਾਲੀ ਅਧੀਨ ਆਉਂਦੀਆਂ ਕਲਾਸਾ ਲਈ ਰਜਿਸਟ੍ਰੇਸ਼ਨ ਰਿਟਰਨ ਲੋੜੀਂਦੇ ਅਸਲ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਸਹਿਤ ਦਾਖਲੇ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਜਾਂ ਹੇਠਾਂ ਅੰਕਿਤ ਸ਼ਡਿਊਲ ਅਨੁਸਾਰ, ਜੋ ਵੀ ਬਾਅਦ ਵਿਚ ਹੋਵੇ, ਭੇਜੇ ਜਾਣ:-

1. 15 ਸਤੰਬਰ ਤੱਕ- ਬਿਨਾਂ ਲੇਟ ਫ਼ੀਸ
2. 15 ਅਕਤੂਬਰ ਤੱਕ-500/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
3. 31 ਅਕਤੂਬਰ ਤੱਕ-1000/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
4. 31 ਅਕਤੂਬਰ ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ। ਰਿਟਰਨ ਨਾ ਆਉਣ ਵਾਲੇ ਕਾਲਜ ਦੇ ਪ੍ਰੀਖਿਆ ਫਾਰਮ ਰੱਦ ਸਮਝੇ ਜਾਣਗੇ ਅਤੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ।

ਸੈਸ਼ਨ 2022-23 ਸਲਾਨਾ ਪ੍ਰਣਾਲੀ ਅਧੀਨ ਆਉਂਦੀਆਂ ਕਲਾਸਾਂ ਲਈ ਰਜਿਸਟ੍ਰੇਸ਼ਨ ਰਿਟਰਨ ਲੋੜੀਂਦੇ ਅਸਲ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਸਹਿਤ ਦਾਖ਼ਲੇ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਜਾਂ ਸਡਿਊਲ ਅਨੁਸਾਰ ਜੋ ਵੀ ਬਾਅਦ ਵਿੱਚ ਹੋਵੇ, ਭੇਜੇ ਜਾਣ:-

1. 31 ਅਕਤੂਬਰ ਤੱਕ- ਬਿਨਾਂ ਲੇਟ ਫ਼ੀਸ
2. 30 ਨਵੰਬਰ ਤੱਕ- 500/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
3. 21 ਫਰਵਰੀ ਤੱਕ-1000/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
4. 21 ਫਰਵਰੀ ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ। ਰਿਟਰਨ ਨਾ ਆਉਣ ਵਾਲੇ ਕਾਲਜ ਦੇ ਪ੍ਰੀਖਿਆ ਫਾਰਮ ਰੱਦ ਸਮਝੇ ਜਾਣਗੇ ਅਤੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ।

ਬੇਨਤੀ ਹੈ ਕਿ ਰਜਿਸਟ੍ਰੇਸ਼ਨ ਰਿਟਰਨ ਸਹਿ-ਪੱਤਰਾਂ ਅਤੇ ਅਸਲ ਦਸਤਾਵੇਜ਼ਾਂ ਸਹਿਤ, ਨਿਗਰਾਨ (ਰਜਿਸਟ੍ਰੇਸ਼ਨ) ਨੂੰ ਸਿੱਧੇ ਹੀ ਭੇਜਣ ਦੀ ਖੇਚਲ ਕੀਤੀ ਜਾਵੇ। **ਰਜਿਸਟ੍ਰੇਸ਼ਨ ਰਿਟਰਨ ਦੇ ਨਾਲ ਉਸਦੀ ਸੀ.ਡੀ ਬਣਾ ਕੇ ਜ਼ਰੂਰ ਭੇਜੀ ਜਾਵੇ। ਸੀ.ਡੀ ਤੋਂ ਬਿਨਾਂ ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ।**

ਰਜਿਸਟ੍ਰੇਸ਼ਨ ਰਿਟਰਨ ਤਿਆਰ ਕਰਨ/ਭੇਜਣ ਸਮੇਂ ਹੇਠ ਲਿਖੇ ਨੁਕਤਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ:-

1. ਵੱਖ-ਵੱਖ ਫ਼ਾਰਮ

ਫ਼ਾਰਮ 'ੳ' ਇਸ ਫਾਰਮ ਵਿੱਚ ਉਨ੍ਹਾਂ ਵਿਦਿਆਰਥੀਆਂ ਦੀ ਰਿਟਰਨ ਭੇਜਣੀ ਹੈ, ਜੋ ਆਪ ਜੀ ਦੇ ਕਾਲਜ/ਇੰਸਟੀਚਿਊਟ ਵਿਖੇ ਇੰਟੈਗਰੇਟਿਡ ਕੋਰਸ ਵਿਚ ਦਾਖਲ ਕੀਤੇ ਗਏ ਹਨ ਅਤੇ ਉਹ ਪਹਿਲਾਂ ਹੀ ਇਸ ਯੂਨੀਵਰਸਿਟੀ ਨਾਲ ਰਜਿਸਟਰਡ ਹਨ,ਭਾਵ ਰਜਿਸਟ੍ਰੇਸ਼ਨ ਨੰ: ਅਲਾਟ ਕੀਤਾ ਹੋਇਆ ਹੈ।

ਫ਼ਾਰਮ 'ਅ' ਇਹ ਫ਼ਾਰਮ ਉਨ੍ਹਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਨੇ ਕੋਰਸ ਵਿੱਚ ਦਾਖ਼ਲੇ ਲਈ ਮੁੱਢਲੀ ਪ੍ਰੀਖਿਆ ਪੰਜਾਬ,ਹਰਿਆਣਾ ਅਤੇ ਹਿਮਾਚਲ ਪ੍ਰਦੇਸ਼, ਸਿੱਖਿਆ ਬੋਰਡਾਂ ਤੋਂ ਪਾਸ ਕੀਤੀ ਹੈ।ਇਨ੍ਹਾਂ ਵਿਦਿਆਰਥੀਆਂ ਦੀ ਪਾਤਰਤਾ ਸਬੰਧਤ ਨੇਬਰਹੁੱਡ ਕੈਂਪਸ,ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਅਸਲ ਸਰਟੀਫਿਕੇਟ ਦੇ ਆਧਾਰ ਤੇ ਚੈਕ ਕਰਨ ਦੀ ਖੇਚਲ ਕਰਨ। ਪੰਜਾਬ,ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਕੂਲ ਸਿੱਖਿਆ ਬੋਰਡਾਂ ਤੋਂ 10+2 ਪਾਸ ਪ੍ਰੀਖਿਆ ਦੇ ਆਧਾਰ ਤੇ ਦਾਖਲ ਕੀਤੇ ਵਿਦਿਆਰਥੀਆਂ ਨੂੰ ਮਾਈਗ੍ਰੇਸ਼ਨ ਸਰਟੀਫਿਕੇਟ ਤੋਂ ਛੋਟ ਹੈ।

ਫ਼ਾਰਮ 'ੲ' ਇਸ ਫ਼ਾਰਮ ਵਿੱਚ ਉਨ੍ਹਾਂ ਵਿਦਿਆਰਥੀਆਂ ਦੇ ਨਾਂ ਦਰਜ ਕਰਨੇ ਹਨ, ਜਿਨ੍ਹਾਂ ਨੇ ਦਾਖ਼ਲੇ ਲਈ ਮੁੱਢਲੀ ਪ੍ਰੀਖਿਆ ਉਕਤ ਬੋਰਡਾਂ ਤੋਂ ਇਲਾਵਾ ਕਿਸੇ ਹੋਰ ਬੋਰਡ/ਕੌਂਸਿਲ/ਯੂਨੀਵਰਸਿਟੀ ਤੋਂ ਪਾਸ ਕੀਤੀ ਹੈ।

ਫ਼ਾਰਮ 'ਸ' ਇਸ ਫ਼ਾਰਮ ਤੇ ਉਨ੍ਹਾਂ ਵਿਦਿਆਰਥੀਆਂ ਦੀ ਰਿਟਰੰਨ ਤਿਆਰ ਕਰਨੀ ਹੈ,ਜਿਨ੍ਹਾਂ ਵਿਦਿਆਰਥੀਆਂ ਨੇ 10+2 ਰੀ-ਅਪੀਅਰ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ(ਇੱਕ ਵਿਸ਼ਾ) ਦੇ ਆਧਾਰ ਤੇ ਦਾਖਲਾ ਲਿਆ ਹੈ।10+2 ਰੀ-ਅਪੀਅਰ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਇੱਕ ਮਹੀਨੇ ਦੇ ਅੰਦਰ-ਅੰਦਰ ਨਤੀਜੇ ਬਾਰੇ ਜਾਣਕਾਰੀ ਹਰ ਹਾਲਤ ਵਿਚ (10+2 ਰੀ-ਅਪੀਅਰ ਅਤੇ ਪਾਸ ਦੋਵੇਂ ਅਸਲ ਸਰਟੀਫਿਕੇਟਾਂ ਹਿਤ) ਇਸ ਦਫ਼ਤਰ ਨੂੰ ਭੇਜੀ ਜਾਵੇ। **ਰੀ-ਅਪੀਅਰ/ਕੰਪਾਰਟਮੈਂਟ (ਇੱਕ ਵਿਸ਼ਾ) ਕੈਟਾਗਰੀ ਅਧੀਨ ਆਰਜ਼ੀ ਦਾਖ਼ਲ ਕੀਤੇ ਵਿਦਿਆਰਥੀਆਂ ਨੂੰ ਆਪਣੀ ਰੀ-ਅਪੀਅਰ/ਕੰਪਾਰਟਮੈਂਟ ਪ੍ਰੀਖਿਆ ਉਸੇ ਸਾਲ ਦੀ ਅਨੁਪੂਰਕ (ਸਪਲੀਮੈਂਟਰੀ)ਪ੍ਰੀਖਿਆ ਵਿਚ ਬੈਠਣ ਉਪਰੰਤ ਪਾਸ ਕਰਨੀ ਲਾਜ਼ਮੀ ਹੈ।ਜਿਹੜੇ ਵਿਦਿਆਰਥੀ ਆਪਣੀ ਰੀ-ਅਪੀਅਰ ਪ੍ਰੀਖਿਆ ਪਾਸ ਨਹੀਂ ਕਰਦੇ ਉਨ੍ਹਾਂ ਦਾ ਦਾਖਲਾ ਬਿਨਾਂ ਕਿਸੇ ਹੋਰ ਨੋਟਿਸ ਦੇ ਰੱਦ ਕਰ ਦਿੱਤਾ ਜਾਵੇਗਾ।** ਇਸ ਤੋਂ ਬਾਅਦ ਜਾਣਕਾਰੀ ਭੇਜਣ ਦੀ ਸੂਰਤ ਵਿੱਚ ਉਪਰੋਕਤ ਦਿੱਤੇ ਸ਼ਡਿਊਲ ਅਨੁਸਾਰ ਪ੍ਰਤਿ ਵਿਦਿਆਰਥੀ ਦੇ ਹਿਸਾਬ ਨਾਲ ਦਸਤਾਵੇਜ਼ ਲੇਟ ਫ਼ੀਸ ਨਾਲ ਹੀ ਭੇਜੇ ਜਾਣ।

2. ਆਰਜ਼ੀ ਦਾਖ਼ਲਾ

ਜਿਹੜੇ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ, ਹਰਿਆਣਾ ਬੋਰਡ/ਹਿਮਾਚਲ ਪ੍ਰਦੇਸ਼ ਬੋਰਡ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਜਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਇਲਾਵਾ ਹੇਠਲੀ

ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕਰਕੇ ਦਾਖਲਾ ਲੈਂਦੇ ਹਨ, ਉਨ੍ਹਾਂ ਦਾ ਦਾਖਲਾ ਉਦੋਂ ਤੱਕ ਆਰਜ਼ੀ ਰਹੇਗਾ ਜਦੋਂ ਤੱਕ ਉਨ੍ਹਾਂ ਦੇ ਅਸਲ ਸਰਟੀਫਿਕੇਟਾਂ ਦੀ ਪੜਤਾਲ ਨਹੀਂ ਹੋ ਜਾਂਦੀ। ਅਜਿਹੇ ਵਿਦਿਆਰਥੀ ਜੋ 10+2 ਜਾਂ ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ ਦੇ ਆਧਾਰ ਤੇ ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਦੇ ਵਿਭਾਗ ਵਿਚ ਦਾਖਲਾ ਲੈਣਗੇ, **ਉਹਨਾਂ ਨੂੰ ਦਾਖਲਾ ਲੈਣ ਤੋਂ ਪਹਿਲਾ ਰਜਿਸਟ੍ਰੇਸ਼ਨ ਸ਼ਾਖਾ ਤੋਂ ਨਿਰਧਾਰਿਤ ਬਿਨੈ-ਫਾਰਮ ਅਤੇ ਫੀਸ ਭਰਨ ਉਪਰੰਤ ਪਾਤਰਤਾ ਸਰਟੀਫਿਕੇਟ ਲੈਣਾ ਜ਼ਰੂਰੀ ਹੋਵੇਗਾ।** ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ(CBSE) ਅਤੇ ਕੌਂਸਲ ਫਾਰ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ICSE), ਨਵੀਂ ਦਿੱਲੀ ਨਾਲ ਸਬੰਧਤ ਸਕੂਲ ਜੋ ਪੰਜਾਬ ਅਤੇ ਚੰਡੀਗੜ੍ਹ ਵਿਖੇ ਸਥਿਤ ਹਨ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਪਾਤਰਤਾ ਸਰਟੀਫਿਕੇਟ ਲੈਣ ਦੀ ਕੋਈ ਲੋੜ ਨਹੀਂ ਹੋਵੇਗੀ।

3. **ਦਾਖ਼ਲੇ ਲਈ ਅਧਿਆਦੇਸ਼ਾਂ ਦੀ ਪਾਲਣਾ:-**

ਵਿਦਿਆਰਥੀਆਂ ਦਾ ਦਾਖ਼ਲਾ ਸਬੰਧਤ ਕੋਰਸ ਦੇ ਅਧਿਆਦੇਸ਼ਾਂ ਅਨੁਸਾਰ ਹੀ ਕੀਤਾ ਜਾਵੇ।ਜੇਕਰ ਕਿਸੇ ਵਿਦਿਆਰਥੀ ਨੂੰ ਦਾਖ਼ਲਾ ਅਧਿਆਦੇਸ਼ ਅਨੁਸਾਰ ਨਹੀਂ ਦਿੱਤਾ ਜਾਂਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਸਬੰਧਤ ਕਾਲਜ/ਵਿਭਾਗ ਦੇ ਮੁਖੀ ਦੀ ਹੋਵੇਗੀ।

4. **ਅਸਲ ਸਰਟੀਫਿਕੇਟ ਜ਼ਰੂਰੀ:-**

ਜਿਹੜਾ ਵਿਦਿਆਰਥੀ ਆਪਣੇ ਅਸਲ ਸਰਟੀਫਿਕੇਟ ਦਾਖ਼ਲੇ ਉਪਰੰਤ ਨਹੀਂ ਦਿੰਦਾ ਉਸਨੂੰ ਕਲਾਸ ਲਗਾਉਣ ਤੋਂ ਵਰਜਿਤ ਕੀਤਾ ਜਾਵੇ ਅਤੇ ਉਸਦਾ ਨਾਂ ਰਿਟਰਨ ਵਿੱਚ ਨਾ ਦਰਸਾਇਆ ਜਾਵੇ।**ਵਿਦਿਆਰਥੀਆਂ ਦੇ ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ ਅਤੇ ਅਸਲ ਮਾਈਗ੍ਰੇਸ਼ਨ ਸਰਟੀਫ਼ਿਕੇਟਾਂ ਆਦਿ ਰਿਟਰਨ ਦੇ ਨਾਲ ਭੇਜਣੇ ਜ਼ਰੂਰੀ ਹਨ।** ਸਰਟੀਫਿਕੇਟਾਂ ਦੀ ਫੋਟੋਕਾਪੀ ਜਾਂ ਨਤੀਜਾ ਗਜ਼ਟ ਦੀ ਕਾਪੀ ਸਵੀਕਾਰ ਨਹੀਂ ਕੀਤੀ ਜਾਵੇਗੀ।

5. **ਫ਼ੀਸਾਂ:-**

ਵਿਦਿਆਰਥੀਆਂ ਤੋਂ ਉਗਰਾਹੀਆਂ ਫ਼ੀਸਾਂ ਨੂੰ **ਇੱਕ ਵੱਖਰਾ ਖਾਤਾ ਨੰਬਰ 65257458501 (ਸਟੇਟ ਬੈਂਕ ਆਫ ਪਟਿਆਲਾ) ਵਿੱਚ RTGS/NEFT/Amount Transfer ਦੁਆਰਾ ਜਮ੍ਹਾਂ ਕਵਾਈਆਂ ਜਾਣ**, ਨੱਥੀ ਪ੍ਰੋਫਾਰਮੇ ਅਨੁਸਾਰ ਭੇਜੇ ਜਾਣ:-

| | | |
|---|---|---|
| 1. | ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ (ਨਵੇਂ ਰਜਿਸਟਰਡ ਹੋਣ ਵਾਲੇ ਵਿਦਿਆਰਥੀ) | 880/-ਰੁਪਏ |
| 2. | ਰਜਿਸਟ੍ਰੇਸ਼ਨ ਨਿਰੰਤਰਤਾ ਫ਼ੀਸ (ਪਹਿਲਾ ਰਜਿਸਟਰਡ ਵਿਦਿਆਰਥੀ) | 330/-ਰੁਪਏ |
| 3. | ਪੰਜਾਬ ਸਟੇਟ ਸਪੋਰਟਸ ਕੌਂਸਿਲ ਫ਼ੀਸ | 30/-ਰੁਪਏ |
| 4. | ਸਪੋਰਟਸ ਫ਼ੀਸ | 550/-ਰੁਪਏ |
| 5. | ਕਾਲਜ ਡਿਵੈਲਪਮੈਂਟ ਫੰਡ | 140/-ਰੁਪਏ |
| 6. | ਯੁਵਕ ਭਲਾਈ ਫ਼ੀਸ | 110/-ਰੁਪਏ |
| 7. | ਇੰਨਫਾਰਸਟਰਕਚਰ ਫੰਡ | 110/-ਰੁਪਏ |
| 8 | ਐਨ.ਐਸ.ਐਸ. ਫ਼ੀਸ | 90/-ਰੁਪਏ |
| 9. | ਵੈਰੀਫ਼ਿਕੇਸ਼ਨ ਫ਼ੀਸ | 880/-ਰੁਪਏ |
| 10. | ਮਾਈਗ੍ਰੇਸ਼ਨ ਫ਼ੀਸ | ਮਾਈਗ੍ਰੇਸ਼ਨ ਦੇਣ•ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿਚ ਮਾਈਗ੍ਰੇਸ਼ਨ ਫ਼ੀਸ 170/- ਰੁਪਏ ਪ੍ਰਤੀ ਵਿਦਿਆਰਥੀ ਚਾਰਜ ਕੀਤੀ ਜਾਵੇਗੀ। ਇਹ ਫ਼ੀਸ ਵੀ ਰਿਟਰਨ ਦੇ ਨਾਲ ਭੇਜਣੀ ਲਾਜ਼ਮੀ ਹੈ। |
| 11. | ਬਲਾਕ ਐਂਟਰੀ ਫ਼ੀਸ | 60/-ਰੁਪਏ |
| 12. | ਪੰਜਾਬੀ ਭਾਸ਼ਾ ਵਿਕਾਸ ਫੰਡ | 90/-ਰੁਪਏ |
| 13. | ਸਪੋਰਟਸ ਹੋਸਟਲ ਫੀਸ | 220/-ਰੁਪਏ |
| 14. | ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ | 220/-ਰੁਪਏ |
| 15. | ਸਪੋਰਟਸ ਵਿੰਗ ਫੀਸ | 110/- ਰੁਪਏ |

16. **ਰਿਟਰਨ ਪ੍ਰੋਫਾਰਮੇ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਨਾਲ ਸਬੰਧਤ ਵਿਦਿਆਰਥੀਆਂ ਲਈ ਇੱਕ ਵੱਖਰਾ ਕਾਲਮ** ਬਣਾਇਆ ਗਿਆ ਹੈ ਸਬਧੰਤ ਕਾਲਜਾਂ/ ਰਿਜ਼ਨਲ ਸੈਂਟਰਾਂ/ ਨੇਬਰਹੁੱਡ ਕੈਂਪਸਾਂ ਅਤੇ ਕਾਂਸਟੀਚੁਐਂਟ ਕਾਲਜਾਂ ਵਲੋਂ **ਸਪੱਸ਼ਟ ਕੀਤਾ ਜਾਵੇ ਕਿ ਭੇਜੀ ਜਾ ਰਹੀ ਫੀਸ ਵਿੱਚ ਪੋਸਟ-ਮੈਟ੍ਰਿਕ ਸਕਾਲਰਸ਼ਿਪ ਨਾਲ ਸਬੰਧਤ ਵਿਦਿਆਰਥੀਆਂ ਦੀ ਫੀਸ ਸ਼ਾਮਿਲ ਕੀਤੀ ਜਾ ਰਹੀ ਹੈ ਜਾਂ ਪੰਜਾਬ ਸਰਕਾਰ ਤੋਂ ਇਨ੍ਹਾਂ ਦਾ ਕਲੇਮ ਆਉਣ ਤੇ ਭੇਜੀ ਜਾਵੇਗੀ। ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਬਣਦਾ ਕਲੇਮ ਯੂਨੀਵਰਸਿਟੀ ਵਲੋਂ ਵੱਖਰੇ ਖੁਲਵਾਏ ਜਾ ਰਹੇ** ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇ।

17. **ਨਵੇਂ ਰਜਿਸਟਰਡ ਹੋਏ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰ ਅਲਾਟ ਕਰਨ ਲਈ ਸਬਧੰਤ ਕਾਲਜ ਰਜਿਸਟ੍ਰੇਸ਼ਨ ਸ਼ਾਖਾ ਤੋਂ ਪਹਿਲਾਂ ਨੰਬਰ ਅਲਾਟ ਕਰਵਾਉਣ।**

ਕਾਲਜ, ਸਪੋਰਟਸ ਫ਼ੀਸ 550/- ਰੁਪਏ ਵਿਚੋਂ 440/- ਰੁਪਏ (80%) ਯੂਨੀਵਰਸਿਟੀ ਨੂੰ ਭੇਜਣਗੇ ਤੇ 110/- ਰੁਪਏ (20%) ਕਾਲਜ ਆਪਣੇ ਕੋਲ ਰੱਖਣਗੇ। ਇਸੇ ਤਰ੍ਹਾਂ ਡਿਵੈਲਪਮੈਂਟ ਫੰਡ 140/-ਰੁਪਏ ਵਿਚੋਂ 70/-ਰੁਪਏ(50%) ਯੂਨੀਵਰਸਿਟੀ ਨੂੰ ਭੇਜਣਗੇ ਤੇ 70/-ਰੁਪਏ(50%) ਕਾਲਜ ਆਪਣੇ ਕੋਲ ਰੱਖਣਗੇ।ਐਨ.ਐਸ.ਐਸ ਫੀਸ 90/-ਰੁਪਏ ਵਿੱਚੋਂ 45/- ਰੁਪਏ(50%) ਯੂਨੀਵਰਸਿਟੀ ਨੂੰ ਭੇਜਣਗੇ ਤੇ 45/- ਰੁਪਏ(50%) ਕਾਲਜ ਆਪਣੇ ਕੋਲ ਰੱਖਣਗੇ।ਪੰਜਾਬੀ ਭਾਸ਼ਾ ਵਿਕਾਸ ਫੰਡ ਦੇ 90/- ਰੁਪਏ ਵਿਚੋਂ 60/-ਰੁਪਏ ਪ੍ਰਤੀ ਵਿਦਿਆਰਥੀ ਯੂਨੀਵਰਸਿਟੀ ਨੂੰ ਭੇਜਣਗੇ ਅਤੇ 30 ਰੁਪਏ ਦੀ ਰਾਸ਼ੀ ਕਾਲਜ ਆਪਣੇ ਕੋਲ ਰੱਖਣਗੇ।

ਨੋਟ:-

1. ਇਹ ਵੇਖਣ ਵਿੱਚ ਆਇਆ ਹੈ ਕਿ ਕਈ ਕਾਲਜ "ਪੰਜਾਬ ਸਟੇਟ ਸਪੋਰਟਸ ਕੌਂਸਿਲ ਫ਼ੀਸ" ਸਿੱਧੇ ਤੌਰ ਤੇ ਹੀ ਪੰਜਾਬ ਸਰਕਾਰ ਨੂੰ ਭੇਜ ਦਿੰਦੇ ਹਨ,ਜੋ ਕਿ ਠੀਕ ਨਹੀਂ ਹੈ।ਇਹ ਫ਼ੀਸ ਵੀ ਹਰ ਹਾਲਤ ਵਿੱਚ ਰਿਟਰਨ ਦੇ ਨਾਲ ਯੂਨੀਵਰਸਿਟੀ ਨੂੰ ਹੀ ਭੇਜੀ ਜਾਵੇ।
2. ਡਿਸਟੈਂਸ ਐਜੂਕੇਸ਼ਨ ਵਿਭਾਗ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਦੀ ਫ਼ੀਸ ਸਬੰਧੀ ਫੈਸਲਾ ਡਿਸਟੈਂਸ ਐਜੂਕੇਸ਼ਨ ਵਿਭਾਗ ਆਪਣੇ ਪੱਧਰ ਤੇ ਖੁਦ ਕਰੇਗਾ।
3. **ਉਪਰੋਕਤ ਫ਼ੀਸਾ ਸਬੰਧੀ ਜਿਵੇਂ ਕਿ ਪਹਿਲਾ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ,ਦੇ ਨਾਂ ਤੇ** ਬਣਾਇਆ ਜਾਂਦਾ ਸੀ, ਪਰ ਹੁਣ ਯੂਨੀਵਰਸਿਟੀ ਦੇ ਨਵੇਂ ਨਿਯਮਾਂ ਅਨੁਸਾਰ **ਇਹ ਫੀਸਾਂ ਡਰਾਫਟ ਜਾਂ ਕਿਸੇ ਹੋਰ ਮੋਡ ਰਾਹੀਂ** ਲੈਣ ਦੀ ਥਾਂ ਤੇ 'ਕਾਲਜ ਫ਼ੀਸਾਂ' ਦੇ ਨਾਂ ਤੇ **ਇੱਕ ਵੱਖਰਾ ਖਾਤਾ ਨੰਬਰ 65257458501 (ਸਟੇਟ ਬੈਂਕ ਆਫ ਪਟਿਆਲਾ) ਵਿੱਚ RTGS/NEFT/Amount Transfer ਦੁਆਰਾ ਜਮ੍ਹਾਂ ਕਵਾਈਆਂ ਜਾਣ।**

6. ਅਸਲ ਸਰਟੀਫਿਕੇਟ ਦੀ ਪੜਤਾਲ ਫ਼ੀਸ
ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਛੱਡ ਕੇ ਹੇਠਲੀ (ਮੁੱਢਲੀ) ਪ੍ਰੀਖਿਆ ਕਿਸੇ ਵੀ ਹੋਰ ਯੂਨੀਵਰਸਿਟੀ/ਬੋਰਡ ਤੋਂ ਪਾਸ ਕਰਕੇ ਦਾਖਲ ਹੋਏ ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟਾਂ ਦੀ ਪੜਤਾਲ ਫ਼ੀਸ 880/-ਰੁਪਏ ਪ੍ਰਤੀ ਵਿਦਿਆਰਥੀ ਵਸੂਲ ਕੀਤੀ ਜਾਵੇ। ਇਹ ਫ਼ੀਸ ਵੀ ਰਿਟਰਨ ਦੇ ਨਾਲ ਹੀ ਭੇਜੀ ਜਾਵੇ।

7. ਸੀਟਾਂ ਦੀ ਗਿਣਤੀ
ਕਿਸੇ ਵੀ ਕੋਰਸ ਵਿਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀ ਵੱਲੋਂ ਮਨਜ਼ੂਰ ਕੀਤੀਆਂ ਸੀਟਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।

8. ਦਾਖਲਾ ਪ੍ਰਵੇਸ਼ ਟੈਸਟ ਦੇ ਆਧਾਰ ਤੇ
ਜਿਹੜੇ ਕੋਰਸਾਂ ਵਿੱਚ ਦਾਖ਼ਲਾ, ਪ੍ਰਵੇਸ਼ ਟੈਸਟ ਦੇ ਆਧਾਰ ਤੇ ਕੀਤਾ ਗਿਆ ਹੈ, ਉਨ੍ਹਾਂ ਦਾ ਵੇਰਵਾ ਜਿਵੇਂ ਵਿਦਿਆਰਥੀ ਦਾ ਰੋਲ ਨੰਬਰ, ਪ੍ਰਾਪਤ ਕੀਤੇ ਅੰਕ ਅਤੇ ਮੈਰਿਟ ਨੰ: ਰਿਟਰਨ ਦੇ 'ਵਿਸ਼ੇਸ਼ ਕਥਨ' ਵਾਲੇ ਕਾਲਮ ਵਿੱਚ ਦਰਸਾਉਣਾ ਅਤਿ ਜ਼ਰੂਰੀ ਹੈ।

9. ਰਜਿਸਟ੍ਰੇਸ਼ਨ ਨੰਬਰਾਂ ਦੀ ਤਰਤੀਬ ਦਾ ਢੰਗ
ਇਸ ਪੱਤਰ ਦੇ ਨਾਲ ਰਜਿਸਟ੍ਰੇਸ਼ਨ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਜਾਣਕਾਰੀ ਹਿੱਤ ਹੈ

| | |
|---|---|
| ਪਹਿਲਾ ਜਾਰੀ ਕੀਤਾ ਗਿਆ | ABCD(DH)09-1 |
| ਕੋਡ ਨੰ: ਅਨੁਸਾਰ ਰਜਿ: ਨੰ: | 113-2018-101<br>(ਕਾਲਜ ਕੋਡ)-(ਸਾਲ)-(ਨੰਬਰ). |

ਵਿਸ਼ੇਸ਼ ਨੋਟ:-

1) ਅਮੱਖ-ਪੱਤਰ ਹਰੇਕ ਕੋਰਸ ਦੇ ਹਰੇਕ ਭਾਗ ਲਈ ਵੱਖਰਾ ਵੱਖਰਾ ਭਰਿਆ ਜਾਵੇ।

2) ਪੱਤਰ ਦੇ ਨੁਕਤਾ ਨੰ: 1,3 ਅਤੇ 9 ਰਾਹੀਂ ਮੰਗੀ ਗਈ ਜਾਣਕਾਰੀ ਤੋਂ ਬਗੈਰ, ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ।

3) ਰਜਿਸਟ੍ਰੇਸ਼ਨ ਰਿਟਰਨ ਅੰਗਰੇਜ਼ੀ ਵਿੱਚ ਟਾਈਪ (ਡਬਲ ਸਪੇਸ) ਕਰਵਾ ਕੇ ਹੀ ਭੇਜੀ ਜਾਵੇ। ਹੱਥ ਲਿਖਤ ਰਿਟਰਨ ਕਿਸੇ ਵੀ ਹਾਲਤ ਵਿਚ ਸਵੀਕਾਰ ਨਹੀਂ ਕੀਤੀ ਜਾਵੇਗੀ। ਰਿਟਰਨ ਦੇ ਨਾਲ ਭੇਜੇ ਜਾਣ ਵਾਲੇ ਪ੍ਰੋਫਾਰਮੇ ੳ, ਅ, ੲ ਅਤੇ ਸ ਜੋ ਪਹਿਲਾਂ ਹੀ ਕਾਲਜਾਂ ਵੱਲੋਂ ਕੰਪਿਊਟਰ ਵਿੱਚ ਫ਼ੀਡ ਕੀਤੇ ਹਨ, ਰਿਟਰਨਾਂ ਨੂੰ ਕੰਪਿਊਟਰ ਰਾਹੀਂ ਤਿਆਰ ਕਰਵਾ ਕੇ ਹੀ ਭੇਜਿਆ ਜਾਵੇ ਅਤੇ ਸੀ.ਡੀ ਵੀ ਨਾਲ ਨੱਥੀ ਕੀਤੀ ਜਾਵੇ।

4) ਸਿੰਡੀਕੇਟ ਵੱਲੋਂ ਮਿਤੀ 24-10-2000 ਪੈਰ੍ਹਾਂ 46 ਰਾਹੀਂ ਕੀਤੇ ਗਏ ਫੈਸਲੇ ਅਨੁਸਾਰ **ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੌਂਸਿਲ,ਪਟਨਾ** ਤੋਂ ਪਾਸ ਕੀਤੀ ਇੰਟਰ-ਮੀਡੀਏਟ (10+2) ਹੇਠਲੀ ਪ੍ਰੀਖਿਆ ਦੇ ਆਧਾਰ 'ਤੇ ਕਿਸੇ ਵੀ ਵਿਦਿਆਰਥੀ ਨੂੰ ਯੂਨੀਵਰਸਿਟੀ ਦੇ ਅਧਿਆਪਨ ਵਿਭਾਗ ਜਾਂ ਸਬੰਧਤ ਕਾਲਜ ਵਿਚ ਕਿਸੇ ਵੀ ਕਲਾਸ/ਕੋਰਸ ਵਿਚ ਦਾਖ਼ਲਾ ਨਾ ਦੇਣ।

5) ਵਿਦਿਆਰਥੀਆਂ ਵੱਲੋਂ ਦਾਖ਼ਲੇ ਸਮੇਂ ਮਾਈਗ੍ਰੇਸ਼ਨ ਸਰਟੀਫਿਕੇਟ ਨਾ ਭੇਜਣ ਤੇ ਉਨ੍ਹਾਂ ਤੋਂ ਲਈ ਜਾਣ ਵਾਲੀ ਤਰੁੱਟੀ ਫ਼ੀਸ/ਲੇਟ ਫ਼ੀਸ ਸਬੰਧੀ ਸਿੰਡੀਕੇਟ ਵੱਲੋਂ ਆਪਣੀ ਇਕੱਤਰਤਾ ਮਿਤੀ 29-6-99 ਦੇ ਪੈਰਾ ਨੰ:10 ਰਾਹੀਂ ਲਏ ਗਏ ਹੇਠ ਲਿਖੇ ਫੈਸਲੇ ਨੂੰ ਅਮਲ ਵਿਚ ਲਿਆਂਦਾ ਜਾਵੇ:-

ੳ) "ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ ਦੇ ਟੀਚਿੰਗ ਵਿਭਾਗਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਯਕੀਨੀ ਬਣਾਉਣ ਲਈ ਕਿਹਾ ਜਾਵੇ ਕਿ ਉਹ(ਜਿਥੇ ਕਿਧਰੇ ਲੋੜ ਹੋਵੇ) ਮਾਈਗ੍ਰੇਸ਼ਨ ਸਰਟੀਫਿਕੇਟ ਆਪਣੇ ਕਾਲਜ/ਵਿਭਾਗ ਵਿੱਚ ਦਾਖ਼ਲੇ ਸਮੇਂ ਹੀ ਪੇਸ਼ ਕਰਨ। ਪਰ ਜੇ ਕੋਈ ਵਿਦਿਆਰਥੀ ਕੁਝ ਖਾਸ ਕਾਰਨਾਂ ਕਰਕੇ ਇਹ ਦਸਤਾਵੇਜ ਆਪਦੇ ਦਾਖ਼ਲਾ ਫਾਰਮ ਦੇ ਨਾਲ ਨਹੀਂ ਭੇਜਦਾ ਅਤੇ ਆਪਣੀ ਔਕੜ ਸਬੰਧੀ ਲਿਖਤੀ ਬੇਨਤੀ ਕਰਦਾ ਹੈ ਤਾਂ ਵਿਭਾਗਾਂ ਦੇ ਮੁਖੀਆਂ/ਕਾਲਜਾਂ ਦੇ ਪ੍ਰਿੰਸੀਪਲ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਇਹ ਦਸਤਾਵੇਜ਼ ਵਿਦਿਆਰਥੀਆਂ ਦੇ ਦਾਖ਼ਲਾ ਲੈਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਲੈਣ ਦੀ ਪ੍ਰਵਾਨਗੀ ਦੇ ਦੇਣ ।"

ਅ) "ਜੇਕਰ ਕੋਈ ਵਿਦਿਆਰਥੀ ਉਪਰੋਕਤ (ੳ) ਤੇ ਦਰਸਾਏ ਸਮੇਂ ਅੰਦਰ ਇਹ ਦਸਤਾਵੇਜ ਨਹੀਂ ਭੇਜਦਾ ਤਾਂ ਉਹ 500/-ਰੁਪਏ ਲੇਟ ਫ਼ੀਸ ਨਾਲ 30 ਨਵੰਬਰ ਤੱਕ ਭੇਜ ਸਕਦਾ ਹੈ ਅਤੇ ਸਮੈਸਟਰ ਕੋਰਸਾਂ ਦੇ ਵਿਦਿਆਰਥੀ 15 ਅਕਤੂਬਰ ਤੱਕ 500/-ਰੁਪਏ ਲੇਟ ਫੀਸ ਨਾਲ ਜਮਾਂ ਕਰਵਾ ਸਕਦੇ ਹਨ।"

ੲ) "ਜੇਕਰ ਕੋਈ ਵਿਦਿਆਰਥੀ 30 ਨਵੰਬਰ ਤੱਕ ਵੀ ਇਹ ਦਸਤਾਵੇਜ ਨਹੀਂ ਭੇਜਦਾ ਅਤੇ ਸਮੈਸਟਰ ਕੋਰਸ ਵਾਲਾ ਵਿਦਿਆਰਥੀ 15 ਅਕਤੂਬਰ ਤੱਕ ਦਸਤਾਵੇਜ ਨਹੀਂ ਭੇਜਦਾ ਤਾਂ ਉਹ ਪ੍ਰੀਖਿਆ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਤੱਕ 1000/- ਰੁਪਏ ਲੇਟ ਫ਼ੀਸ ਦੇ ਕੇ ਮਾਈਗ੍ਰੇਸ਼ਨ ਜਮ੍ਹਾਂ ਕਰਵਾ ਸਕਦਾ ਹੈ। ਵਿਭਾਗ ਦੇ ਮੁਖੀ/ਪ੍ਰਿੰਸੀਪਲ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਏ ਬਿਨਾਂ ਰੋਲ ਨੰਬਰ ਜਾਰੀ ਨਾ ਕੀਤਾ ਜਾਵੇ। ਪ੍ਰੀਖਿਆ ਦੇਣ ਦੀ ਸੂਰਤ ਵਿੱਚ ਨਤੀਜਾ ਰੱਦ ਕਰ ਦਿੱਤਾ ਜਾਵੇਗਾ।"

6) ਜਿਨ੍ਹਾਂ ਕਲਾਸਾਂ ਵਿੱਚ ਦਾਖ਼ਲਾ ਪ੍ਰਤੀਸ਼ਤਤਾ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਉਨ੍ਹਾਂ ਵਿਦਿਆਰਥੀਆਂ ਦੇ ਅਸਲ ਅੰਕ ਬਿਊਰਾ ਕਾਰਡ/ਸਰਟੀਫਿਕੇਟ ਪ੍ਰਤੀਸ਼ਤ ਚੈਕ ਕਰਨ ਵਾਸਤੇ ਰਿਟਰਨ ਦੇ ਨਾਲ ਹੀ ਭੇਜੇ ਜਾਣ।

ਪ੍ਰਿੰਸੀਪਲ/ਮੁਖੀ ਸਾਹਿਬਾਨ ਇਹ ਵੀ ਸੁਨਿਸ਼ਚਿਤ ਕਰਨ ਦੀ ਖੇਚਲ ਕਰਨ ਕਿ ਉਨ੍ਹਾਂ ਦੇ ਕਾਲਜ/ਵਿਭਾਗ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਦੇ ਦਾਖ਼ਲਾ ਫਾਰਮ ਜਾਂ ਕਿਸੇ ਹੋਰ ਦਸਤਾਵੇਜ਼ ਵਿੱਚ ਜੇਕਰ ਕੋਈ ਊਣਤਾਈ/ਤਰੁੱਟੀ ਰਹਿ ਜਾਂਦੀ ਹੈ ਤਾਂ ਉਹ ਆਪਣੇ

ਕਾਲਜ/ਵਿਭਾਗ ਦੇ ਸਬੰਧਤ ਅਮਲੇ ਨੂੰ ਰੀ-ਕਨਸਾਈਲ ਕਰਨ ਲਈ ਭੇਜਣ ਨਾ ਕਿ ਵਿਦਿਆਰਥੀਆਂ ਨੂੰ ।ਆਮ ਤੌਰ ਤੇ ਦੇਖਣ ਵਿੱਚ ਆਇਆ ਹੈ ਕਿ ਅਕਸਰ ਵਿਦਿਆਰਥੀ ਹੀ ਸਿੱਧੇ ਤੌਰ ਤੇ ਤਰੁੱਟੀ/ਊਣਤਾਈ ਦੂਰ ਕਰਾਉਣ ਲਈ ਆ ਜਾਂਦੇ ਹਨ;ਜਿਸ ਨਾਲ ਵਿਦਿਆਰਥੀ/ਦਫ਼ਤਰ ਨੂੰ ਸਮੱਸਿਆ ਪੇਸ਼ ਆਉਂਦੀ ਹੈ, ਕਿਉਂ ਜੋ ਵਿਦਿਆਰਥੀ ਯੂਨੀਵਰਸਿਟੀ ਦੇ ਨਿਯਮਾਂ ਤੋਂ ਜਾਣੂ ਨਹੀਂ ਹੁੰਦੇ। ਕਾਲਜ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਸਿੱਧੇ ਤੌਰ ਤੇ ਅਟੈਂਡ ਨਹੀਂ ਕਰੇਗੀ।ਜੇਕਰ ਕਿਸੇ ਤਰੁੱਟੀ ਕਾਰਨ ਵਿਦਿਆਰਥੀ ਪ੍ਰੀਖਿਆ ਨਹੀਂ ਦੇ ਸਕਦਾ ਜਾਂ ਨਤੀਜਾ ਘੋਸ਼ਿਤ ਨਹੀਂ ਹੁੰਦਾ ਤਾਂ ਕਾਲਜ ਦੀ ਜ਼ਿੰਮੇਵਾਰੀ ਹੋਵੇਗੀ।

ਇਹ ਸਪੱਸ਼ਟ ਹੈ ਕਿ ਜੇਕਰ ਅੰਤਿਮ ਮਿਤੀ ਵਾਲੇ ਦਿਨ ਯੂਨੀਵਰਸਿਟੀ ਵਿੱਚ ਛੁੱਟੀ ਦਾ ਦਿਨ ਹੋਵੇਗਾ ਤਾਂ ਉਸ ਤੋਂ ਅਗਲਾ ਕੰਮ-ਕਾਜ ਵਾਲਾ ਦਿਨ ਅੰਤਿਮ ਮਿਤੀ ਵਜੋਂ ਮੰਨਿਆ ਜਾਵੇਗਾ।

1. ਇੱਥੇ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਰਿਟਰਨ ਕੇਵਲ ਸੰਬੰਧਤ ਪ੍ਰੋਫਾਰਮੇ ਤੇ ਹੀ ਬਣਾਈ ਜਾਵੇ ਅਤੇ ਵਰਣਿਤ ਸ਼ਡਿਊਲ ਅਨੁਸਾਰ ਹੀ ਭੇਜੀ ਜਾਵੇ। ਸੰਬੰਧਤ ਪ੍ਰੋਫਾਰਮੇ ਤੇ ਰਿਟਰਨ ਪ੍ਰਾਪਤ ਹੋਣ ਤੇ ਵਰਣਿਤ ਸਡਿਊਲ ਅਨੁਸਾਰ ਹੀ ਰਿਟਰਨ ਸਵੀਕਾਰ ਕੀਤੀ ਜਾਵੇਗੀ। ਅਜਿਹੇ ਨਾ ਹੋਣ ਦੀ ਸੂਰਤ ਵਿਚ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ।

2. ਪਾਤਰਤਾ ਫਾਰਮ ਸਾਫ਼ ਲਿਖਾਈ ਨਾਲ ਭਰ ਕੇ ਭੇਜਿਆ ਜਾਵੇ/ਫਾਰਮ ਤੇ ਕੋਈ ਕਟਿੰਗ ਜਾਂ ਫਲਿਊਡ ਦੀ ਵਰਤੋ ਕੀਤੀ ਮਨਜ਼ੂਰ ਨਹੀਂ ਕੀਤੀ ਜਾਵੇਗੀ। ਫਾਰਮ ਵਿਚ ਕਲਾਸ/ਪਾਰਟੀਕੁਲਰ ਇੰਦਰਾਜ ਕਰਨ ਵਾਲੇ ਕਰਮਚਾਰੀ ਦੇ ਹਸਤਾਖਰ ਕੀਤੇ ਜਾਣ।

ਜ਼ਰੂਰੀ ਨੋਟ:-

ਕੁਝ ਵਿਦਿਆਰਥੀ ਪਹਿਲਾਂ ਪੰਜਾਬੀ ਯੂਨੀਵਰਸਿਟੀ ਨਾਲ ਰਜਿਸਟ੍ਰੇਸ਼ਨ ਕਰਵਾ ਕੇ ਇਥੋਂ ਕੋਈ ਕਲਾਸ/ਡਿਗਰੀ ਕਰਨ ਉਪਰੰਤ ਮਾਈਗ੍ਰੇਸ਼ਨ ਸਰਟੀਫਿਕਟ ਲੈ ਕੇ ਕਿਸੇ ਹੋਰ ਯੂਨੀਵਰਸਿਟੀ ਵਿੱਚ ਆਪਣੀ ਅਗਲੇਰੀ ਪੜ੍ਹਾਈ ਲਈ ਦਾਖ਼ਲਾ ਲੈ ਲੈਂਦੇ ਹਨ।ਉਥੋਂ ਆਪਣਾ ਕੋਰਸ/ਕਲਾਸ ਪਾਸ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਿਸੇ ਹੋਰ ਕੋਰਸ/ਕਲਾਸ ਵਿਚ ਦਾਖ਼ਲਾ ਲੈਂਦੇ ਹਨ, ਅਜਿਹੇ ਕੇਸਾਂ ਵਿੱਚ ਵਿਦਿਆਰਥੀ ਨੂੰ ਪੰਜਾਬੀ ਯੂਨੀਵਰਸਿਟੀ ਦੁਆਰਾ ਪਹਿਲਾਂ ਹੀ ਅਲਾਟ ਕੀਤਾ ਰਜਿਸਟ੍ਰੇਸ਼ਨ ਕੋਡ ਲਾਇਆ ਜਾਵੇ ਅਤੇ ਨਵਾਂ ਰਜਿਸਟ੍ਰੇਸ਼ਨ ਕੋਡ ਦੁਬਾਰਾ ਅਲਾਟ ਨਾ ਕਰਵਾਇਆ ਜਾਵੇ।ਇਸ ਨੁਕਤੇ ਵੱਲ ਖਾਸ ਧਿਆਨ ਦਿੱਤਾ ਜਾਵੇ ਜੀ।

ਧੰਨਵਾਦ ਸਹਿਤ।

ਵਿਸ਼ਵਾਸਪਾਤਰ

ਕੰਟਰੋਲਰ (ਪ੍ਰੀ)

ਫੋਨ:0175-513637

16/8/12

# ਅਮੁੱਖ ਪੱਤਰ ਦਾ ਫਾਰਮੇਟ

ਵੱਲੋਂ:-

ਪ੍ਰਿੰਸੀਪਲ/ਮੁਖੀ,
..............................,
..............................।

ਵੱਲ:-

ਨਿਗਰਾਨ,
ਰਜਿਸਟ੍ਰੇਸ਼ਨ ਅਤੇ ਮਾਈਗ੍ਰੇਸ਼ਨ ਬਰਾਂਚ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਵਿਸ਼ਾ:- ਸੈਸ਼ਨ 2022-23 ਦੌਰਾਨ ਵੱਖ-ਵੱਖ ਕੋਰਸਾਂ ਵਿੱਚ ਕੀਤੇ ਦਾਖ਼ਲਿਆਂ ਸਬੰਧੀ "ਵਿਦਿਆਰਥੀ ਰਜਿਸਟ੍ਰੇਸ਼ਨ ਰਿਟਰਨ" ਅਤੇ ਦਾਖਲਿਆਂ ਸਬੰਧੀ ਛਾਪੇ ਗਏ ਸੂਚਨਾ-ਪੁਸਤਕ(ਪ੍ਰਾਸਪੈਕਟਸ) ਭੇਜਣ ਬਾਰੇ।

ਸੈਸ਼ਨ 2022-23 ਦੇ ਦਾਖ਼ਲਿਆਂ ਉਪਰੰਤ ਇਸ ਕਾਲਜ/ਵਿਭਾਗ ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀਆ ਰਜਿਸਟ੍ਰੇਸ਼ਨ ਰਿਟਰਨਾਂ ਸਮੇਤ ਨਿਰਧਾਰਿਤ ਭਰੀਆਂ ਗਈਆਂ ਫ਼ੀਸਾਂ ਦਾ ਵੇਰਵਾ ਨਾਲ ਭੇਜਿਆ ਜਾ ਰਿਹਾ ਹੈ ਅਤੇ ਨਾਲ ਹੀ ਮੰਗੀ ਗਈ ਸੂਚਨਾ ਨਿਮਨ ਅਨੁਸਾਰ ਦਰਜ ਕੀਤੀ ਜਾਂਦੀ ਹੈ।

1. ਕਲਾਸ/ਕੋਰਸ : ..............................................................................................................

2. ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਸੀਟਾਂ ਦੀ ਗਿਣਤੀ : ..........................................................................

3. ਨਿਰਧਾਰਿਤ ਮਿਤੀ ਤੱਕ (ਬਿਨਾਂ ਲੇਟ ਫ਼ੀਸ ਤੋਂ) ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ : ..........................................................................

4. ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਲੇਟ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ : ..........................................................................

5. ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ ਲੇਟ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ (ਪ੍ਰਵਾਨਗੀ ਦੀ ਨਕਲ ਨੱਥੀ ਹੈ) : ..........................................................................

ਤਸਦੀਕ ਕੀਤਾ ਜਾਂਦਾ ਹੈ ਕਿ ਕਾਲਜ ਵੱਲੋਂ ਉਪਰੋਕਤ ਦਿੱਤੀ ਜਾਣਕਾਰੀ ਰਿਕਾਰਡ ਮੁਤਾਬਕ ਸਹੀ ਹੈ ਅਤੇ ਇਸ ਵਿੱਚ ਕੋਈ ਗੱਲ ਛੁਪਾ ਕੇ ਨਹੀਂ ਰੱਖੀ ਗਈ ਹੈ। ਇਸ ਤੋਂ ਇਲਾਵਾ ਪ੍ਰਵੇਸ਼-ਟੈਸਟ ਦੇ ਆਧਾਰ ਤੇ ਜਿਨ੍ਹਾਂ ਵਿਦਿਆਰਥੀਆਂ ਨੂੰ ਦਾਖ਼ਲ ਕੀਤਾ ਗਿਆ ਹੈ, ਦੀ ਪਾਤਰਤਾ ਵੇਖ ਲਈ ਹੈ, ਉਹ ਦਾਖ਼ਲੇ ਦੇ ਯੋਗ ਪਾਏ ਗਏ ਹਨ।

ਇਸ ਕਾਲਜ ਦੇ ਦਾਖ਼ਲਿਆਂ ਸਬੰਧੀ ਛਾਪੇ ਗਏ ਪ੍ਰਾਸਪੈਕਟਸ ਦੀਆਂ ਦੋ ਕਾਪੀਆ ਅਗਲੇਰੀ ਕਾਰਵਾਈ ਲਈ ਭੇਜੀਆਂ ਜਾਂਦੀਆਂ ਹਨ।

ਪ੍ਰਿੰਸੀਪਲ/ਮੁਖੀ ਦੇ ਹਸਤਾਖ਼ਰ ਅਤੇ ਮੋਹਰ

ਨੱਥੀ/ਉਕਤ ਅਨੁਸਾਰ

# PERFORMA FOR REMITANCE OF REGISTRATION RETURN FEE/FUNDS

Name of College: ______________________ Session: __________

| Sr. No. | Name of Class | No. of Students | | No. of SC Students | | Only for New Students (Processing Fees) | | Registration fee @ Rs.880/- | Continuation fee @ Rs.330/- | Punjab State Sports Council fee @ Rs.30/- | Certificate Verification fee @ Rs.880/- | Migration fee @ Rs.170/- (if required) | Late Admission fee as per Schedule | University Sports fee @Rs.440/ - | College Development Fund @Rs.70/- | Youth Welfare fund @ Rs.110/- | Infrastructure Development fund @ Rs.110/- | N.S.S fund @ Rs.45/- | Punjabi Language Development Fund @ Rs.60/- | Block Entry Fee @ Rs.60/- | Sports Infrastructure Development fund @ Rs.220/- | Sports Hostel Fee @ Rs.220/- | Sports wing fee @ 110/- | Total Amount of SC Students | Total (5 to21) |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | New cadidates | allready regd. candidates | New cadidates | allready regd candidates | General @ Rs 170/- | SC/ ST @ RS 110/- | | | | | | | | | | | | | | | | | | |
| 1 | 2 | 3 | | 4 | | 5 | | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |
| | | | | | | | | | | | | | | | | | | | | | | | | | |

RGTS/ NEFT No.______________ Date:______________ Amount:__________

ਨੋਟ:-

1. ਵਿਦਿਆਰਥੀਆਂ ਦੀ ਗਿਣਤੀ ਵਾਲੇ ਕਾਲਮ ਵਿਚ (ਕਾਲਮ ਨੰਬਰ 3 ਅਤੇ 4) ਨਵੇਂ ਰਜਿਸਟਰਡ ਤੇ ਪਹਿਲਾਂ ਰਜਿਸਟਰਡ ਵਿਦਿਆਰਥੀਆਂ ਦੀ ਗਿਣਤੀ ਅਲੱਗ ਅਲੱਗ ਦਰਸਾਈ ਜਾਵੇ ਜੀ।

2. ਮੁਖੀ ਵਿਭਾਗ/ਨੇਬਰਹੁਡ ਕੈਂਪਸ/ਕਾਲਜ ਪ੍ਰਿੰਸੀਪਲ ਵੱਲੋਂ ਤਸਦੀਕ ਕੀਤਾ ਜਾਵੇ ਕਿ SC ਵਿਦਿਆਰਥੀਆਂ ਦੀ ਫੀਸ ਭਰੀ ਜਾ ਚੁੱਕੀ ਹੈ ਜਾਂ ਸਕਾਲਰਸ਼ਿਪ ਆਉਣ ਉਪਰੰਤ ਭਰੀ ਜਾਵੇਗੀ।

3. ਕ੍ਰਮ ਨੰਬਰ 5 ਤੇ ਦਰਜ Processing Fees ਕੇਵਲ Under Graduate Courses ਵਾਲੇ ਵਿਦਿਆਰਥੀਆਂ ਦੀ ਹੀ ਭਰੀ ਜਾਵੇ ਜੀ।

ਫਾਰਮ "ੳ"

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਰਜਿਸਟ੍ਰੇਸ਼ਨ ਬ੍ਰਾਂਚ

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਪਹਿਲਾਂ ਹੀ ਰਜਿਸਟਰਡ ਹੋਏ ਵਿਦਿਆਰਥੀਆਂ ਲਈ

ਜ਼ਰੂਰੀ ਹਦਾਇਤਾਂ/ਨੋਟ:

1. ਰਜਿਸਟ੍ਰੇਸ਼ਨ ਰਿਟਰਨ ਫ਼ੀਸ/ਫੰਡਜ਼ ਦਾ ਵੇਰਵਾ ਬੈਂਕ **RTGS/NEFT/Amount Transfer** ਨਾਲ ਨੱਥੀ ਨਿਰਧਾਰਿਤ ਪ੍ਰੋਫਾਰਮੇ ਤੇ, ਮੁਕੰਮਲ ਵੇਰਵੇ ਦੇਣ ਉਪਰੰਤ ਨਿਗਰਾਨ ਲੇਖਾ-ਸ਼ਾਖਾ-2 ਨੂੰ ਜਮ੍ਹਾਂ ਕਰਨ ਹਿੱਤ ਭੇਜੇ ਜਾਣ ਅਤੇ ਇਸ ਦੀ ਇੱਕ ਕਾਪੀ । ਨਿਗਰਾਨ, ਰਿਜਸਟ੍ਰੇਸ਼ਨ ਬ੍ਰਾਂਚ ਨੂੰ ਭੇਜਣੀ ਲਾਜ਼ਮੀ ਹੈ।
2. ਫ਼ਾਰਮ "ਅ" ਵਿੱਚ ਦਰਜ਼ ਕੀਤੀਆਂ ਜ਼ਰੂਰੀ ਹਦਾਇਤਾਂ/ਨੋਟ: ਉਚੇਚੇ ਤੌਰ ਤੇ ਪੜ੍ਹ ਕੇ ਰਿਟਰਨ ਤਿਆਰ ਕੀਤੀ ਜਾਵੇ।

ਵਿਭਾਗ/ਕਾਲਜ ਦਾ ਨਾਂ..........................

ਦਾਖ਼ਲੇ ਦੀ ਅੰਤਿਮ ਮਿਤੀ..........................

ਕਲਾਸ/ਕੋਰਸ........................................

ਰਿਟਰਨ ਭੇਜਣ ਦੀ ਮਿਤੀ.........................

ਸਮੈਸਟਰ:................................................

| ਪੰਜਾਬੀ ਯੂਨੀਵਰਸਿਟੀ ਰਜਿਸਟ੍ਰੇਸ਼ਨ ਨੰਬਰ | ਦਾਖ਼ਲਾ ਮਿਤੀ | ਕਾਲਜ ਰੋਲ ਨੰਬਰ | ਵਿਦਿਆਰਥੀ ਦਾ ਨਾਂ (ਅੰਗਰੇਜ਼ੀ ਵਿੱਚ) | ਪਿਤਾ ਅਤੇ ਮਾਤਾ ਦਾ ਨਾਂ (ਅੰਗਰੇਜ਼ੀ ਵਿੱਚ) | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| | | | | | |

ਸਰਟੀਫਿਕੇਟ :1. ਤਸਦੀਕ ਕੀਤਾ ਜਾਂਦਾ ਹੈ ਕਿ ਸਾਡੇ ਕਾਲਜ ਦੁਆਰਾ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਵਿਚ ਉਤਨੇ ਅੰਕ ਪ੍ਰਾਪਤ ਕੀਤੇ ਹਨ ਜਿਤਨੇ ਕਿ ਕੋਰਸ ਵਿਚ ਦਾਖ਼ਲੇ ਲਈ ਨਿਰਧਾਰਿਤ ਨਿਯਮਾਂ ਅਨੁਸਾਰ ਹੋਣੇ ਜ਼ਰੂਰੀ ਹਨ ਅਤੇ ਦਾਖ਼ਲੇ ਦੀਆਂ ਹੋਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

2. ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਦਾ ਨਾਂ, ਪਿਤਾ ਅਤੇ ਮਾਤਾ ਦੇ ਨਾਵਾਂ ਦੇ ਸ਼ਬਦ-ਜੋੜ ਅਤੇ ਰਜਿਸਟ੍ਰੇਸ਼ਨ ਨੰਬਰ ਜਿਹੜੇ ਕਿ ਯੂਨੀਵਰਸਿਟੀ ਵੱਲੋਂ ਰਿਲੀਜ਼ ਗਜ਼ਟ ਵਿਚ ਦਰਜ ਹਨ, ਰਿਟਰਨ ਵਿਚ ਉਹੀ ਵਰਨਣ ਕੀਤੇ ਗਏ ਹਨ।

(ਦਸਤਖ਼ਤ)ਪ੍ਰਿੰਸੀਪਲ/ਮੁੱਖੀ

(ਮੋਹਰ)

ਫਾਰਮ
"ਅ"

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਰਜਿਸਟ੍ਰੇਸ਼ਨ ਬ੍ਰਾਂਚ

ਉਨ੍ਹਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰਿਟਰਨ ਜਿਨ੍ਹਾਂ ਆਪਣੀ ਹੇਠਲੀ/ਮੁੱਢਲੀ ਪ੍ਰੀਖਿਆ 10+2 ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਕੂਲ ਸਿੱਖਿਆ ਬੋਰਡਾਂ ਤੋਂ ਪਾਸ ਕੀਤੀ ਹੈ ਅਤੇ ਜਿਨ੍ਹਾਂ ਪਹਿਲੀ ਵਾਰ ਰਜਿਸਟਰਡ ਹੁੰਦਾ ਹੈ।

ਜਰੂਰੀ ਹਦਾਇਤਾਂ/ਨੋਟ:

1. ਰਜਿਸਟ੍ਰੇਸ਼ਨ ਰਿਟਰਨ ਫ਼ੀਸ/ਫੰਡਜ ਦਾ ਵੇਰਵਾ ਬੈਂਕ **RTGS/NEFT/Amount Transfer** ਨਾਲ ਨੱਥੀ ਨਿਰਧਾਰਿਤ ਪ੍ਰੋਫਾਰਮੇ ਤੇ, ਮੁਕੰਮਲ ਵੇਰਵੇ ਦੇਣ ਉਪਰੰਤ ਨਿਗਰਾਨ ਲੇਖਾ-ਸ਼ਾਖਾ-2 ਨੂੰ ਜਮ੍ਹਾਂ ਕਰਨ ਹਿੱਤ ਭੇਜੇ ਜਾਣ ਅਤੇ ਇਸ ਦੀ ਇਕ ਕਾਪੀ ਨਿਗਰਾਨ, ਰਜਿਸਟ੍ਰੇਸ਼ਨ ਬ੍ਰਾਂਚ ਨੂੰ ਭੇਜਣੀ ਲਾਜ਼ਮੀ ਹੈ।
2. ਸਰਟੀਫਿਕੇਟਾਂ ਦੀਆਂ ਜਾਂ ਨਤੀਜਾ ਗਜ਼ਟ ਦੀਆਂ ਤਸਦੀਕ ਸ਼ੁਦਾ ਫੋਟੋ ਕਾਪੀਆਂ ਸਵੀਕਾਰ ਨਹੀ ਕੀਤੀਆਂ ਜਾਣਗੀਆਂ।
3. ਇਹ ਰਿਟਰਨ ਸਾਫ਼ ਸੁਥਰੀ ਅਤੇ ਡਬਲ ਸਪੇਸ ਤੇ ਅੰਗਰੇਜ਼ੀ ਵਿੱਚ ਟਾਈਪ ਕਰਵਾਂ ਕੇ ਨਾਲ ਨੱਥੀ ਮੁੱਖ ਪੱਤਰ ਵਿਚ ਦਰਸਾਏ ਸ਼ਡਿਊਲ ਅਨੁਸਾਰ ਅਲਫਾਬੇਟੀਕਲੀ ਤਰਤੀਬ ਵਿਚ ਭੇਜੀ ਜਾਵੇ।
4. ਰਿਟਰਨ ਜਾਂ ਹੋਰ ਦਸਤਾਵੇਜ਼ ਲੇਟ ਭੇਜਣ ਦੀ ਸੂਰਤ ਵਿਚ ਮੁੱਖ ਪੱਤਰ ਵਿਚ ਦਰਸਾਏ ਸ਼ਡਿਊਲ ਅਨੁਸਾਰ ਲੇਟ ਫੀਸ ਲਈ ਜਾਵੇ।
5. ਇਕ ਫਾਰਮ ਤੇ ਕੇਵਲ ਇੱਕ ਹੀ ਕਲਾਸ ਦਰਸਾਈ ਜਾਵੇ।
6. ਲੜਕੀਆਂ ਅਤੇ ਲੜਕਿਆਂ ਦਾ ਵੇਰਵਾ ਰਿਟਰਨ ਵਿਚ ਵੱਖ-ਵੱਖ ਦਰਸਾਇਆ ਜਾਵੇ।
7. ਜਿਨ੍ਹਾਂ ਪ੍ਰੀਖਿਆਰਥੀਆਂ ਨੇ ਹੇਠਲੀ/ਮੁੱਢਲੀ ਪ੍ਰੀਖਿਆ ਕਿਸੇ ਹੋਰ ਯੂਨੀਵਰਸਿਟੀ/ਬੋਰਡ/ਕੌਂਸਲ ਤੋਂ ਪਾਸ ਕੀਤੀ ਹੋਵੇ ਉਨ੍ਹਾਂ ਲਈ ਫ਼ਾਰਮ "ੲ" ਵਰਤੇ ਜਾਣ।

ਵਿਭਾਗ/ਕਾਲਜ ਦਾ ਨਾਂ..........................

ਦਾਖਲੇ ਦੀ ਅੰਤਿਮ ਮਿਤੀ.......................... ਕਲਾਸ/ਕੋਰਸ..........................................

ਰਿਟਰਨ ਭੇਜਣ ਦੀ ਮਿਤੀ......................... ਸੈਸ਼ਨ:................................................

| ਰਜਿਸਟ੍ਰੇਸ਼ਨ ਨੰਬਰ (ਇਹ ਯੂਨੀਵਰਸਿਟੀ ਵੱਲੋਂ ਮਿਲੇਗਾ) | ਦਾਖਲਾ ਮਿਤੀ | ਕਾਲਜ ਰੋਲ ਨੰਬਰ | ਵਿਦਿਆਰਥੀ ਦਾ ਨਾਂ (ਅੰਗਰੇਜ਼ੀ ਵਿੱਚ) | ਪਿਤਾ ਅਤੇ ਮਾਤਾ ਦਾ ਨਾਂ (ਅੰਗਰੇਜ਼ੀ ਵਿੱਚ) | ਆਖ਼ਰੀ ਇਮਤਿਹਾਨ ਪਾਸ ਕੀਤਾ (ਅਸਲ ਸਰਟੀਫਿਕੇਟ ਦੇਖਣ ਤੋਂ ਬਾਅਦ) | ਪਾਸ ਕਰਨ ਦਾ ਮਹੀਨਾ ਤੇ ਸਾਲ | ਰੋਲ ਨੰ: | ਯੂਨੀਵਰਸਿਟੀ ਜਾਂ ਬੋਰਡ ਦਾ ਨਾਂ | ਵਿਸ਼ੇਸ਼ ਕਥਨ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | | | | | | |

ਸਰਟੀਫਿਕੇਟ :1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਰਿਟਰਨ ਵਿਚ ਦਰਜ਼ ਵਿਦਿਆਰਥੀਆਂ ਦੇ ਨਾਂ, ਪਿਤਾ ਅਤੇ ਮਾਤਾ ਦੇ ਨਾਵਾਂ ਦੇ ਸ਼ਬਦ ਜੋੜ ਅਸਲ ਸਰਟੀਫਿਕੇਟ ਮੁਤਾਬਕ ਹਨ।

2. ਇਹ ਵਿਦਿਆਰਥੀ ਦਾਖਲੇ ਨਾਲ ਸਬੰਧਤ ਕੋਰਸ ਦੇ ਨਿਯਮਾਂ ਵਿਚ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਵਿਦਿਆਰਥੀਆਂ ਦੁਆਰਾ ਲਏ ਜਾਣ ਵਾਲੇ ਮਜ਼ਮੂਨਾਂ ਦੇ ਮੇਲ (ਕੰਬੀਨੇਸ਼ਨ) ਵੀ ਸਿਲੇਬਸ ਦੇ ਵਿਨਿਯਮਾਂ ਅਨੁਸਾਰ ਹਨ।

3. ਤਸਦੀਕ ਕੀਤਾ ਜਾਂਦਾ ਹੈ ਕਿ ਰਜਿਸਟ੍ਰੇਸ਼ਨ ਰਿਟਰਨ ਵਿਚ ਦਰਜ ਵਿਦਿਆਰਥੀਆਂ ਦੀ ਹੇਠਲੀ ਪ੍ਰੀਖਿਆ ਦੇ ਅਸਲ ਸਰਟੀਫਿਕੇਟ ਚੈਕ ਕਰ ਲਏ ਹਨ ਅਤੇ ਉਹਨਾਂ ਦੀ ਯੋਗਤਾ ਪੱਕੀ ਕਰ ਦਿੱਤੀ ਗਈ ਹੈ।

(ਦਸਤਖਤ)ਪ੍ਰਿੰਸੀਪਲ/ਮੁੱਖੀ
(ਮੋਹਰ)

ਫਾਰਮ "ੲ"

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਰਜਿਸਟ੍ਰੇਸ਼ਨ ਬਰਾਂਚ

ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੀ ਪਾਤਰਤਾ ਅਤੇ ਰਜਿਸਟ੍ਰੇਸ਼ਨ ਰਿਟਰਨ
(ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਕੂਲ ਸਿੱਖਿਆ ਬੋਰਡਾਂ ਤੋਂ ਇਲਾਵਾ)

ਜ਼ਰੂਰੀ ਹਦਾਇਤਾਂ/ਨੋਟ:

1. ਫਾਰਮ ਅ ਵਿੱਚ ਦਰਜ ਕੀਤੀਆਂ ਜ਼ਰੂਰੀ ਹਦਾਇਤਾਂ/ਨੋਟ ਉਚੇਚੇ ਤੌਰ ਤੇ ਪੜ੍ਹ ਕੇ ਰਿਟਰਨ ਤਿਆਰ ਕੀਤੀ ਜਾਵੇ।
2. ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੌਂਸਲ, ਪਟਨਾ ਤੋਂ ਹੇਠਲੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਾ ਦਿੱਤਾ ਜਾਵੇ।

ਵਿਭਾਗ/ਕਾਲਜ ਦਾ ਨਾਂ...........................

ਦਾਖਲੇ ਦੀ ਅੰਤਿਮ ਮਿਤੀ..........................

ਕਲਾਸ/ਕੋਰਸ.......................................

ਰਿਟਰਨ ਭੇਜਣ ਦੀ ਮਿਤੀ.........................

ਸੈਸ਼ਨ:...........................................

| ਰਜਿਸਟ੍ਰੇਸ਼ਨ ਨੰਬਰ (ਇਹ ਯੂਨੀਵਰਸਿਟੀ ਵੱਲੋਂ ਮਿਲੇਗਾ) | ਦਾਖਲਾ ਮਿਤੀ | ਕਾਲਜ ਰੋਲ ਨੰਬਰ | ਵਿਦਿਆਰਥੀ ਦਾ ਨਾਂ (ਅੰਗਰੇਜ਼ੀ ਵਿੱਚ) | ਪਿਤਾ ਅਤੇ ਮਾਤਾ ਦਾ ਨਾਂ (ਅੰਗਰੇਜ਼ੀ ਵਿੱਚ) | ਆਖ਼ਰੀ ਇਮਤਿਹਾਨ ਪਾਸ ਕੀਤਾ (ਅਸਲ ਸਰਟੀਫਿਕੇਟ ਦੇਖਣ ਤੋਂ ਬਾਅਦ | ਪਾਸ ਕਰਨ ਦਾ ਮਹੀਨਾ ਤੇ ਸਾਲ | ਰੋਲ ਨੰ: | ਯੂਨੀਵਰਸਿਟੀ ਜਾਂ ਬੋਰਡ ਦਾ ਨਾਂ | ਵਿਸ਼ੇਸ਼ ਕਥਨ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | | | | | | |

ਸਰਟੀਫਿਕੇਟ :1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਰਿਟਰਨ ਵਿਚ ਦਰਜ਼ ਵਿਦਿਆਰਥੀਆਂ ਦੇ ਨਾਂ, ਪਿਤਾ ਅਤੇ ਮਾਤਾ ਦੇ ਨਾਵਾਂ ਦੇ ਸ਼ਬਦ ਜੋੜ ਵਿਦਿਆਰਥੀ ਦੁਆਰਾ ਪਾਸ ਕੀਤੀ ਹੇਠਲੀ/ਮੁਢਲੀ ਪ੍ਰੀਖਿਆ ਤੇ ਮੂਲ ਸਰਟੀਫਿਕੇਟਾਂ ਵਿਚ ਦਿੱਤੇ ਵਿਰਵੇ ਅਨੁਸਾਰ ਹਨ।

2. ਵਿਦਿਆਰਥੀ ਸੰਬੰਧਤ ਕੋਰਸਾਂ ਦੇ ਦਾਖਲੇ ਲਈ ਬਣਾਏ ਗਏ ਨਿਯਮਾਂ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

3. ਹਰੇਕ ਵਿਦਿਆਰਥੀ ਦੁਆਰਾ ਪਾਸ ਕੀਤੀ ਗਈ ਹੇਠਲੀ ਪ੍ਰੀਖਿਆ ਦੇ ਵੇਰਵੇ ਚੰਗੀ ਤਰ੍ਹਾਂ ਚੈਕ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਠੀਕ ਪਾਇਆ ਗਿਆ ਹੈ।

(ਦਸਤਖਤ)ਪ੍ਰਿੰਸੀਪਲ/ਮੁੱਖੀ
(ਮੋਹਰ)

ਫਾਰਮ "ਸ"

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਰਜਿਸਟ੍ਰੇਸ਼ਨ ਬਰਾਂਚ

(ਕੇਵਲ ਰੀ-ਅਪੀਅਰ/ਕੰਪਾਰਟਮੈਂਟ ਅਧੀਨ ਵਿਦਿਆਰਥੀਆਂ ਲਈ)

ਪੰਜਾਬ, ਹਰਿਆਣਾ, ਹਿਮਾਚਲ ਪ੍ਰਦਸ਼ ਜਾਂ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਅਤੇ ਕੌਂਸਲ ਫਾਰ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ, ਨਵੀ ਦਿੱਲੀ ਦੇ ਉਨ੍ਹਾਂ ਵਿਦਿਆਰਥੀਆਂ ਲਈ ਜਿਨ੍ਹਾਂ ਦੀ 10+2 ਪ੍ਰੀਖਿਆ ਵਿੱਚੋਂ ਰੀਅਪੀਅਰ/ਕੰਪਾਰਟਮੈਂਟ(ਇਕ ਵਿਸ਼ਾ) ਹੈ ਅਤੇ ਜਿਨ੍ਹਾਂ ਨੂੰ ਪਹਿਲੀ ਵਾਰ ਰਜਿਸਟਰਡ ਕੀਤਾ ਜਾਂਦਾ ਹੈ।

ਜਰੂਰੀ ਹਦਾਇਤਾਂ/ਨੋਟ:

1. ਰੀ-ਅਪੀਅਰ/ਕਪਾਰਟਮੈਂਟ(ਇੱਕ ਵਿਸ਼ਾ) ਕੈਟਾਗਰੀ ਅਧੀਨ ਆਰਜ਼ੀ ਦਾਖ਼ਲ ਕੀਤੇ ਵਿਦਿਆਰਥੀਆਂ ਨੂੰ ਆਪਣੀ ਰੀ-ਅਪੀਅਰ/ਕੰਪਰਟਮੈਂਟ ਪ੍ਰੀਖਿਆ ਉਸੇ ਸਾਲ ਦੀ ਅਨੁਪੂਰਕ (ਸਪਲੀਮੈਂਟਰੀ) ਪ੍ਰੀਖਿਆ ਵਿਚ ਬੈਠਣ ਉਪਰੰਤ ਪਾਸ ਕਰਨੀ ਲਾਜ਼ਮੀ ਹੈ। ਜਿਹੜੇ ਵਿਦਿਆਰਥੀ ਆਪਣੀ ਰੀ-ਅਪੀਅਰ ਪ੍ਰੀਖਿਆ ਪਾਸ ਨਹੀ ਕਰਦੇ ਉਨ੍ਹਾਂ ਦਾ ਦਾਖਲਾ ਬਿਨਾਂ ਕਿਸੇ ਹੋਰ ਨੋਟਿਸ ਦੇ ਰੱਦ ਕਰ ਦਿੱਤਾ ਜਾਵੇਗਾ।
2. ਰਜਿਸਟ੍ਰੇਸ਼ਲ ਰਿਟਰਨ ਫੀਸ/ਫੰਡਜ਼ ਦੇ ਬੈਂਕ, ਨਾਲ ਨੱਥੀ ਨਿਰਧਾਰਿਤ ਪ੍ਰੋਫਾਰਮੇ ਤੇ, ਮੁਕੰਮਲ ਵੇਰਵੇ ਦੇਣ ਉਪਰੰਤ ਨਿਗਰਾਨ ਲੇਖਾ ਸ਼ਾਖਾ-2 ਨੂੰ ਜਮ੍ਹਾਂ ਕਰਨ ਹਿੱਤ ਭੇਜੇ ਜਾਣ ਅਤੇ ਇਸ ਦੀ ਇੱਕ ਕਾਪੀ ਨਿਗਰਾਨ ਰਜਿਸਟ੍ਰੇਸ਼ਨ ਬਰਾਂਚ ਨੂੰ ਭੇਜਣੀ ਲਾਜ਼ਮੀ ਹੈ।
3. ਫਾਰਮ ਅ ਵਿਚ ਦਰਜ ਕੀਤੀਆਂ ਜਰੂਰੀ ਹਦਾਇਤਾ/ਨੋਟ ਉਚੇਚੇ ਤੌਰ ਤੇ ਪੜ੍ਹ ਕੇ ਰਿਟਰਨ ਤਿਆਰ ਕੀਤੀ ਜਾਵੇ।
4. ਸਰਟੀਫਿਕੇਟਾਂ ਦੀਆਂ ਜਾਂ ਨਤੀਜਾ ਗਜ਼ਟ ਦੀਆਂ ਤਸਦੀਕ ਸੁਦਾ ਫੋਟੋ ਕਾਪੀਆਂ ਸਵੀਕਾਰ ਨਹੀ ਕੀਤੀਆਂ ਜਾਣਗੀਆਂ।
5. ਬਿਹਾਰ ਇੰਟਰ ਮੀਡੀਏਟ ਐਜੂਕੇਸ਼ਨ ਕੌਂਸਲ, ਪਟਨਾ ਤੋ ਹੇਠਲੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀ ਦਿੱਤਾ ਜਾਵੇਗਾ।

ਵਿਭਾਗ/ਕਾਲਜ ਦਾ ਨਾਂ.........................

ਦਾਖਲੇ ਦੀ ਅੰਤਿਮ ਮਿਤੀ.........................

ਕਲਾਸ/ਕੋਰਸ.......................................

ਰਿਟਰਨ ਭੇਜਣ ਦੀ ਮਿਤੀ........................

ਸੈਸ਼ਨ:..................................................

| ਰਜਿਸਟ੍ਰੇਸ਼ਨ ਨੰਬਰ (ਇਹ ਯੂਨੀਵਰਸਿਟੀ ਵੱਲੋਂ ਮਿਲੇਗਾ) | ਦਾਖਲਾ ਮਿਤੀ | ਕਾਲਜ ਰੋਲ ਨੰਬਰ | ਵਿਦਿਆਰਥੀ ਦਾ ਨਾਂ (ਅੰਗਰੇਜ਼ੀ ਵਿੱਚ) | ਪਿਤਾ ਅਤੇ ਮਾਤਾ ਦਾ ਨਾਂ (ਅੰਗਰੇਜ਼ੀ ਵਿੱਚ) | ਆਖ਼ਰੀ ਇਮਤਿਹਾਨ ਪਾਸ ਕੀਤਾ (ਅਸਲ ਸਰਟੀਫਿਕੇਟ ਦੇਖਣ ਤੋਂ ਬਾਅਦ | ਮਹੀਨਾ ਤੇ ਸਾਲ | ਰੋਲ ਨੰ: | ਯੂਨੀਵਰਸਿਟੀ ਜਾਂ ਬੋਰਡ ਦਾ ਨਾਂ | ਕੰਪਾਰਟਮੈਂਟ ਵਿਚ (ਅਸਲ ਸਰਟੀਫਿਕੇਟ ਚੈਕ ਕਰਨ ਤੋਂ ਬਾਅਦ | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 |
| | | | | | | | | | | |

ਸਰਟੀਫਿਕੇਟ :1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਰਿਟਰਨ ਵਿਚ ਦਰਜ਼ ਵਿਦਿਆਰਥੀਆਂ ਦੇ ਨਾਂ ਅਤੇ ਉਨ੍ਹਾਂ ਦੇ ਪਿਤਾ ਅਤੇ ਮਾਤਾ ਦੇ ਨਾਵਾਂ ਦੇ ਸ਼ਬਦ ਜੋੜ ਅਸਲ ਸਰਟੀਫਿਕੇਟਾ ਮੁਤਾਬਕ ਹਨ।

2. ਇਹ ਵਿਦਿਆਰਥੀ ਦਾਖ਼ਲੇ ਨਾਲ ਸੰਬੰਧਤ ਕੋਰਸ ਨਿਯਮਾਂ ਵਿਚ ਨਿਰਧਾਰਤ ਸਰਤਾਂ ਪੂਰੀਆਂ ਕਰਦੇ ਹਨ ਅਤੇ ਵਿਦਿਆਰਥੀਆਂ ਦੁਆਰਾ ਲਏ ਜਾਣ ਵਾਲੇ ਮਜ਼ਮੂਨਾਂ ਦੇ ਮੇਲ (ਕੰਬੀਨੇਸ਼ਨ) ਵੀ ਸਿਲੇਬਸ ਵਿਚ ਦਰਜ ਸ਼ਰਤਾ ਅਨੁਸਾਰ ਹਨ।

3. ਤਸਦੀਕ ਕੀਤਾ ਜਾਂਦਾ ਹੈ ਕਿ ਰਜਿਸਟ੍ਰੇਸ਼ਨ ਰਿਟਰਨ ਵਿਚ ਦਰਜ ਵਿਦਿਆਰਥੀਆਂ ਦੀ ਹੇਠਲੀ/ਪ੍ਰੀਖਿਆ ਦੇ ਅਸਲ ਸਰਟੀਫਿਕੇਟ ਚੈਕ ਕਰ ਲਏ ਹਨ ਅਤੇ ਉਹਨਾਂ ਦੀ ਯੋਗਤਾ ਪੱਕੀ ਕਰ ਦਿੱਤੀ ਗਈ ਹੈ।

(ਦਸਤਖਤ)ਪ੍ਰਿੰਸੀਪਲ/ਮੁੱਖੀ

(ਮੋਹਰ)